# ਪਾਠ ਨਾ.ਲ ਸੰਬੰਧਿਤ ਨਮੂਨਾ ਪ੍ਰਸ਼ਨ

1. **ਸ਼ਹੀਦ ਊਧਮ ਸਿੰਘ ਦਾ ਜਨਮ ਕਦੋਂ ਹੋਇਆ?**
ੳ) 26 ਦਸੰਬਰ 1898 ਅ) 26 ਦਸੰਬਰ 1889 ੲ) 26 ਦਸੰਬਰ 1899 ਸ) 26 ਦਸੰਬਰ 1799

2. **ਸ਼ਹੀਦ ਊਧਮ ਸਿੰਘ ਦਾ ਜਨਮ ਕਿੱਥੇ ਹੋਇਆ।**
ੳ) ਜ਼ਿਲ੍ਹਾ ਸੰਗਰੂਰ ਅ) ਜ਼ਿਲ੍ਹਾ ਲੁਧਿਆਣਾ ੲ) ਜ਼ਿਲ੍ਹਾ ਪਟਿਆਲਾ ਸ) ਜ਼ਿਲ੍ਹਾ ਰੂਪਨਗਰ

3. **ਸ਼ਹੀਦ ਊਧਮ ਸਿੰਘ ਦੇ ਪਿਤਾ ਦਾ ਕੀ ਨਾਂ ਸੀ?**
ੳ) ਸ. ਟਹਿਲ ਸਿੰਘ ਅ) ਸ.ਊਧਮ ਸਿੰਘ ੲ) ਸ.ਨਿਰਭੈ ਸਿੰਘ ਸ) ਸ. ਕਹਿਰ ਸਿੰਘ

4. **ਯਤੀਮਖ਼ਾਨੇ ਦਾਖ਼ਲ ਹੋਣ ਤੋਂ ਪਹਿਲਾਂ ਸ਼ਹੀਦ ਊਧਮ ਸਿੰਘ ਦਾ ਨਾਂ ਕੀ ਸੀ ?**
ੳ) ਸ਼ੇਰ ਸਿੰਘ ਅ) ਦਲੇਰ ਸਿੰਘ ੲ) ਮਹਿਰ ਸਿੰਘ ਸ) ਨਿਰਭੈ ਸਿੰਘ

5. **ਸ਼ਹੀਦ ਊਧਮ ਸਿੰਘ ਕਿਸ ਨੂੰ ਆਪਣਾ ਗੁਰੂ ਮੰਨਦਾ ਸੀ?**
ੳ) ਸ਼ਹੀਦ ਭਗਤ ਸਿੰਘ ਅ) ਸ਼ਹੀਦ ਕਰਤਾਰ ਸਿੰਘ
ੲ) ਸ਼ਹੀਦ ਸੁਖਦੇਵ ਸ) ਸ਼ਹੀਦ ਰਾਜਗੁਰੂ

6. **ਸ਼ਹੀਦ ਊਧਮ ਸਿੰਘ ਨੂੰ ਕਦੋਂ ਫਾਂਸੀ ਦਿੱਤੀ ਗਈ ?**
ੳ) 31 ਜੁਲਾਈ, 1941 ਅ) 31 ਜੁਲਾਈ, 1942 ੲ) 31 ਜੁਲਾਈ, 1940 ਸ) 31 ਜੁਲਾਈ, 1945

7. **ਸ਼ਹੀਦ ਊਧਮ ਸਿੰਘ ਫਾਂਸੀ ਕਿੱਥੇ ਦਿੱਤੀ ਗਈ ?**
ੳ) ਲੰਦਨ ਵਿੱਚ ਅ) ਇੰਗਲੈਂਡ ਵਿੱਚ ੲ) ਅਮਰੀਕਾ ਵਿੱਚ ਸ) ਫਰਾਂਸ ਵਿੱਚ

8. **ਸ਼ਹੀਦ ਊਧਮ ਸਿੰਘ ਦੇ ਪਿਤਾ ਜੀ .................... ਕੰਮ ਕਰਦੇ ਸਨ।**
ੳ) ਕਿਰਸਾਨੀ ਦਾ ਅ) ਚੌਕੀਦਾਰੀ ਦਾ ੲ) ਜੁਲਾਹੇ ਦਾ ਸ) ਤਰਖਾਣ ਦਾ

9. **ਜਲ੍ਹਿਆਂਵਾਲ਼ੇ ਬਾਗ਼ ਦੇ ਕਤਲੇਆਮ ਦਾ ਅਸਲ ਜ਼ੁੰਮੇਵਾਰ ਸੀ।**
ੳ) ਜਨਰਲ ਓਡਵਾਇਰ ਅ) ਮਾਈਕਲ ਓਡਵਾਇਰ
ੲ) ਜਨਰਲ ਮਾਈਕਲ ਸ) ਓਡਵਾਇਰ ਜਨਰਲ

10. **ਮਾਈਕਲ ਓਡਵਾਇਰ ਨੂੰ ਗੋ.ਲੀ ਮਾਰਨ ਪਿੱਛੋਂ ਸ਼ਹੀਦ ਊਧਮ ਸਿੰਘ.....**
ੳ) ਉੱਥੋਂ ਭੱਜ ਗਿਆ। ਅ) ਉੱਥੋਂ ਭੱਜਿਆ ਨਹੀਂ। ੲ) ਉੱਥੇ ਲੁਕ ਗਿਆ। ਸ) ਉੱਥੇ ਬੈਠ ਗਿਆ।

11. **ਦਿਹਾਂਤ ਸ਼ਬਦ ਦਾ ਅਰਥ ਹੈ......**
ੳ) ਮਨ ਵਿੱਚ ਬਿਠਾ ਲੈਣਾ। ਅ) ਬਹੁਤ ਖ਼ੁਸ਼ ਹੋਣਾ। ੲ) ਮੌਤ ਹੋ ਜਾਣਾ। ਸ) ਬਹਾਦਰ।

12. **ਖ਼ੂਨੀ ਸਾਕਾ ਵਾਪਰਨਾ ਦਾ ਅਰਥ ਹੈ......**
ੳ) ਮਨ 'ਤੇ ਬੋਝ ਰੱਖਣਾ। ਅ) ਵੱਡੀ ਪੱਧਰ 'ਤੇ ਕਤਲ ਹੋਣਾ।
ੲ) ਆਪਣੀ ਜਾਨ ਵਾਰ ਦੇਣਾ। ਸ) ਡਰ ਜਾਣਾ।



Scanned with CamScanner

**13. ਹੇਠਾਂ ਦਿੱਤੇ ਸ਼ਬਦਾਂ ਵਿੱਚੋਂ ਸ਼ੁੱਧ ਸ਼ਬਦ ਕਿਹੜਾ ਹੈ ?**

ੳ) ਇੰਗਲੈਂਡ ਅ) ਇਗਲੈਂਡ ੲ) ਇੰਗਲੈਂਡ ਸ) ਈਂਗਲੈਂਡ

**14. ਹੇਠਾਂ ਦਿੱਤੇ ਸ਼ਬਦਾਂ ਵਿੱਚੋਂ ਸ਼ੁੱਧ ਸ਼ਬਦ ਕਿਹੜਾ ਹੈ ?**

ੳ) ਗ੍ਰਿਫਤਾਰ ਅ) ਗਰਿਫ਼ਤਾਰ ੲ) ਗਰਿਫਤਾਰ ਸ) ਗ੍ਰਰਿਫਤਾਰ

**15. ਮੈਂ ਮਾਈਕਲ ਉਡਵਾਇਰ ਨੂੰ ਮਾਰ ਕੇ ਦੇਸ ਦੀ ਖ਼ਾਤਰ ਆਪਣਾ________**

ੳ) ਫ਼ਰਜ਼ ਨਿਭਾਇਆ ਹੈ। ਅ) ਕੰਮ ਕੀਤਾ ਹੈ।

ੲ) ਖ਼ੂਨ ਵਹਾਇਆ ਹੈ। ਸ) ਕਰਜ਼ ਚੜ੍ਹਾਇਆ ਹੈ।

**16. ਸ਼ਹੀਦ ਊਧਮ ਸਿੰਘ ਆਪਣੇ ਮਨ ਦੀ ਗੱਲ________**

ੳ) ਹਰ ਇੱਕ ਨੂੰ ਦੱਸਦਾ ਸੀ। ਅ) ਕਿਸੇ ਨੂੰ ਘੱਟ ਵੱਧ ਹੀ ਦੱਸਦਾ ਸੀ।

ੲ) ਕਿਸੇ ਨੂੰ ਨਹੀਂ ਦੱਸਦਾ ਸੀ। ਸ) ਸਾਰਿਆਂ ਨੂੰ ਦੱਸਦਾ ਹੈ।

**17. ਸ਼ਹੀਦ ਊਧਮ ਸਿੰਘ ਨੇ ਆਪਣੇ ਬਚਾਅ ਲਈ________**

ੳ) ਦੋ ਵਕੀਲ ਕੀਤੇ। ਅ) ਕੋਈ ਵਕੀਲ ਨਹੀਂ ਕੀਤਾ। ੲ) ਕੁਝ ਨਹੀਂ ਕੀਤਾ। ਸ) ਲੜਾਈ ਕੀਤੀ।

**18. ਸ਼ਹੀਦ ਭਗਤ ਸਿੰਘ ਨੂੰ ਇਨਸਪੈਕਟਰ ਨੇ________**

ੳ) ਦੌੜ ਕੇ ਗਰਿਫ਼ਤਾਰ ਕੀਤਾ। ਅ) ਡਰਦਿਆਂ-ਡਰਦਿਆਂ ਗਰਿਫ਼ਤਾਰ ਕੀਤਾ।

ੲ) ਡਰਾਉਂਦਿਆਂ-ਡਰਾਉਂਦਿਆਂ ਗਰਿਫ਼ਤਾਰ ਕੀਤਾ। ਸ) ਗਰਿਫ਼ਤਾਰ ਨਾ ਕੀਤਾ।

**19. ਸ਼ਹੀਦ ਊਧਮ ਸਿੰਘ ________ਦੀ ਤਸਵੀਰ ਲੈ ਕੇ ਚਾਅ ਨਾ਼ਲ ਨੱਚ ਰਿਹਾ ਸੀ।**

ੳ) ਸ਼ਹੀਦ ਕਰਤਾਰ ਸਿੰਘ ਅ) ਸ਼ਹੀਦ ਭਗਤ ਸਿੰਘ ੲ) ਸ਼ਹੀਦ ਰਾਜਗੁਰੂ ਸ) ਸ਼ਹੀਦ ਸੁਖਦੇਵ

**20. ਸ਼ਹੀਦ ਊਧਮ ਸਿੰਘ ਨੇ ਮਾਈਕਲ ਉਡਵਾਇਰ ਨੂੰ________ਖ਼ਤਮ ਕਰ ਦਿੱਤਾ।**

ੳ) ਚਾਕੂ ਮਾਰ ਕੇ। ਅ) ਗੋਲੀਆਂ ਮਾਰ ਕੇ।

ੲ) ਡੰਡਿਆਂ ਨਾ਼ਲ ਮਾਰ ਕੇ। ਸ) ਬੰਬ ਮਾਰ ਕੇ

ਅਧਿਆਪਕ ਪੂਰਾ ਅਧਿਆਇ ਕਰਵਾਉਣ ਤੋਂ ਬਾਅਦ ਦਿੱਤੀ ਵਰਕਸ਼ੀਟ ਬੱਚਿਆਂ ਨੂੰ ਕਰਵਾ ਕੇ ਦੇਖਣਗੇ ਕਿ ਕਿੰਨੇ ਬੱਚਿਆਂ ਨੇ ਸਿੱਖਣ ਨਤੀਜੇ ਪ੍ਰਾਪਤ ਕੀਤੇ ਹਨ।




| ਪ੍ਰਤੀਸ਼ਤ | ਵਿਦਿਆਰਥੀਆਂ ਦੀ ਗਿਣਤੀ |
|---|---|
| 30% ਤੋਂ ਘੱਟ | |
| 30% - 80% ਤੱਕ | |
| 80% ਤੋਂ ਵੱਧ | |



Scanned with CamScanner